# ਤੁਹਾਨੂੰ ਤੰਦਰੁਸਤ ਅਤੇ ਸੁਤੰਤਰ ਰੱਖਣਾ

# Keeping You Well and Independent

## ਹੋਮ ਕੇਅਰ (ਘਰ ਵਿੱਚ ਦੇਖਭਾਲ) (HOME CARE)

### ਹੋਮ ਕੇਅਰ ਕੀ ਹੁੰਦੀ ਹੈ?
What is home care?

ਹੋਮ ਕੇਅਰ ਤੁਹਾਡੀ ਜਾਂ ਤੁਹਾਡੇ ਪਿਆਰਿਆਂ ਦੀ ਜਿੰਨਾ ਸੰਭਵ ਹੋ ਸਕੇ ਲੰਮੇ ਸਮੇਂ ਤੱਕ ਸੁਰੱਖਿਅਤ ਅਤੇ ਆਤਮ-ਨਿਰਭਰ ਰਹਿਣ ਵਿੱਚ ਮਦਦ ਕਰਨ ਲਈ ਇੱਕ ਸੇਵਾ ਹੈ। ਹੋਮ ਕੇਅਰ ਵਿੱਚ ਪੇਸ਼ੇਵਰ ਅਤੇ ਨਿੱਜੀ ਦੇਖਭਾਲ ਸੇਵਾਵਾਂ ਸ਼ਾਮਲ ਹੁੰਦੀਆਂ ਹਨ।

### ਕੌਣ ਹੋਮ ਕੇਅਰ ਦੇ ਯੋਗ ਹੁੰਦਾ ਹੈ?
Who is eligible for home care?

ਅਲਬਰਟਾ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਜਿਸਦੇ ਕੋਲ ਵੈਧ ਹੈਲਥਕੇਅਰ ਕਾਰਡ ਹੈ ਹੋਮ ਕੇਅਰ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ ਜਦੋਂ ਤੱਕ ਉਸਦੀਆਂ ਲੋੜਾਂ ਨੂੰ ਸੁਰੱਖਿਅਤ ਤਰੀਕੇ ਨਾਲ ਘਰ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

### ਹੋਮ ਕੇਅਰ ਕੇਸ ਮੈਨੇਜਰ
Home care case managers

ਹੋਮ ਕੇਅਰ ਕੇਸ ਮੈਨੇਜਰ ਤੁਹਾਡੀਆਂ ਲੋੜਾਂ ਦੀ ਪਛਾਣ ਕਰਨ ਅਤੇ ਤੁਹਾਨੂੰ ਅਤੇ ਤੁਹਾਡੇ ਪਿਆਰਿਆਂ ਨੂੰ ਸਭ ਤੋਂ ਵੱਧ ਢੁਕਵੀਆਂ ਡਾਕਟਰੀ ਸਮੱਗਰੀਆਂ ਜਾਂ ਸਹਾਇਕ ਉਪਕਰਣਾਂ ਅਤੇ ਟੈਕਨਾਲੋਜੀ ਦੇ ਨਾਲ ਜੋੜਨ ਲਈ ਮਿਆਰੀਕ੍ਰਿਤ ਮੁਲਾਂਕਣ ਸਾਧਨਾਂ ਦੀ ਵਰਤੋਂ ਕਰਦੇ ਹਨ।



### ਪੇਸ਼ੇਵਰ ਸਿਹਤ ਸੇਵਾਵਾਂ ਵਿੱਚ ਸ਼ਾਮਲ ਹਨ:
Professional health services include:

- ਰੋਕਥਾਮ, ਸਕ੍ਰੀਨਿੰਗ ਅਤੇ ਦਾਖਲਾ;
- ਸਿਹਤ ਦੀ ਸਥਿਤੀ ਅਤੇ/ਜਾਂ ਡਾਕਟਰੀ ਸਮੱਸਿਆਵਾਂ ਦਾ ਮੁਲਾਂਕਣ;
- ਇਲਾਜ ਅਤੇ ਪ੍ਰਕਿਰਿਆਵਾਂ ਕਰਨੀਆਂ;
- ਵੱਧ ਤੋਂ ਵੱਧ ਕਾਰਜ 'ਤੇ ਮੁੜ-ਵਸੇਬਾ;
- ਦਵਾਈ ਦੇਣੀ
- ਰਾਹਤ ਪਹੁੰਚਾਉਣ ਵਾਲੀ ਜਾਂ ਜੀਵਨ-ਦੇ-ਅੰਤ 'ਤੇ ਦੇਖਭਾਲ;
- ਸਵੈ-ਦੇਖਭਾਲ ਸਿਖਾਉਣੀ ਅਤੇ ਉਸ ਦੀ ਨਿਗਰਾਨੀ ਕਰਨੀ;
- ਪਰਿਵਾਰ ਦੇ ਮੈਂਬਰਾਂ ਅਤੇ ਹੋਰ ਦੇਖਭਾਲਕਰਤਾਵਾਂ ਨੂੰ ਦੇਖਭਾਲ ਅਤੇ ਪ੍ਰਕਿਰਿਆਵਾਂ ਸਿਖਾਉਣੀਆਂ; ਅਤੇ
- ਵਿਅਕਤੀਗਤ ਦੇਖਭਾਲ ਮੁਹੱਈਆ ਕਰਨ ਅਤੇ ਸੌਂਪੀਆਂ ਗਈਆਂ ਗਤੀਵਿਧੀਆਂ ਕਰਨ ਵਾਲੇ ਘਰ ਵਿੱਚ ਸਹਾਇਤਾ ਸੇਵਾ ਪ੍ਰਦਾਤਾਵਾਂ ਨੂੰ ਸਿਖਾਉਣਾ ਅਤੇ ਉਹਨਾਂ ਦੀ ਨਿਗਰਾਨੀ ਕਰਨੀ।

## ਨਿੱਜੀ ਦੇਖਭਾਲ ਸੇਵਾਵਾਂ ਵਿੱਚ ਸ਼ਾਮਲ ਹਨ:
Personal care services include:

- ਨਿੱਜੀ ਸਾਫ਼-ਸਫ਼ਾਈ (ਨਹਾਉਣਾ ਅਤੇ ਸੰਵਾਰਨਾ);
- ਕੱਪੜੇ ਪਹਿਨਾਉਣੇ;
- ਟੌਇਲਟ ਅਤੇ ਅਸੰਜਮ ਦਾ ਪ੍ਰਬੰਧਨ;
- ਤੁਰਨਾ-ਫਿਰਨਾ ਅਤੇ ਟ੍ਰਾਂਸਫਰ ਕਰਨਾ;
- ਭੋਜਨ ਖਾਣ, ਮੂੰਹ ਦੀ ਦੇਖਭਾਲ; ਅਤੇ ਦਵਾਈਆਂ ਵਿੱਚ ਸਹਾਇਤਾ।

ਕੁਝ ਹੋਮ ਕੇਅਰ ਗਾਹਕਾਂ ਨੂੰ ਘਰ ਅਤੇ ਭਾਈਚਾਰਕ ਸਹਾਇਤਾ ਸੇਵਾਵਾਂ ਦੀ ਲੋੜ ਹੋ ਸਕਦੀ ਹੈ ਅਤੇ ਉਹ ਇਹ ਪ੍ਰਾਪਤ ਕਰਦੇ ਹਨ ਜਿਨ੍ਹਾਂ ਵਿੱਚ ਇਲਾਜਾਤਮਕ ਮਨਪ੍ਰਚਾਵੇ ਵਾਲੀਆਂ ਅਤੇ ਸਮਾਜਕ ਲੋੜਾਂ ਨੂੰ ਪੂਰਾ ਕਰਨਾ ਅਤੇ ਭਾਈਚਾਰੇ ਵਿੱਚ ਆਤਮ-ਨਿਰਭਰ ਹੋ ਕੇ ਰਹਿਣ ਲਈ ਗਤੀਵਿਧੀਆਂ ਵਿੱਚ ਸਹਾਇਤਾ ਸ਼ਾਮਲ ਹੈ।

ਕੁਝ ਹੋਮ ਕੇਅਰ ਗਾਹਕਾਂ ਨੂੰ ਦੇਖਭਾਲਕਰਤਾ ਦੀ ਸਹਾਇਤਾ ਅਤੇ ਰਾਹਤ ਸੇਵਾਵਾਂ ਦੀ ਲੋੜ ਹੋ ਸਕਦੀ ਹੈ ਅਤੇ ਉਹ ਇਹਨਾਂ ਨੂੰ ਪ੍ਰਾਪਤ ਕਰਦੇ ਹਨ ਤਾਂ ਜੋ ਤੰਦਰੁਸਤ ਰਹਿਣ ਵਿੱਚ ਤੁਹਾਡੀ ਸਹਾਇਤਾ ਕਰਨ ਵਾਲੇ ਲੋਕਾਂ ਦੀ ਮਦਦ ਕੀਤੀ ਜਾ ਸਕੇ ਜਦੋਂ ਉਹ ਦੇਖਭਾਲ ਦੇ ਕੰਮ ਕਰਦੇ ਹਨ। ਇਹਨਾਂ ਸੇਵਾਵਾਂ ਵਿੱਚ ਸੇਵਾਵਾਂ, ਸਿੱਖਿਆ, ਹੁਨਰਾਂ ਦੀ ਸਿਖਲਾਈ ਅਤੇ ਰਾਹਤ ਦੇਖਭਾਲ ਤੱਕ ਪਹੁੰਚਣ ਲਈ ਜਾਣਕਾਰੀ ਅਤੇ ਮਦਦ ਸ਼ਾਮਲ ਹੋ ਸਕਦੀ ਹੈ।

## ਹੋਮ ਕੇਅਰ ਸੇਵਾਵਾਂ ਲਈ ਮੇਰੀ ਲੋੜ ਦਾ ਨਿਰਧਾਰਨ ਕਿਵੇਂ ਕੀਤਾ ਜਾਂਦਾ ਹੈ?
How is my need for home care services determined?

ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਦਾ ਤੁਹਾਡੀ ਮਦਦ ਨਾਲ ਕਿਸੇ ਕੇਸ ਮੈਨੇਜਰ ਦੁਆਰਾ ਮੁਲਾਂਕਣ ਕੀਤਾ ਜਾਵੇਗਾ। ਤੁਹਾਡੇ ਦੇਖਭਾਲਕਰਤਾਵਾਂ ਦੇ ਨਾਲ ਮਿਲ ਕੇ, ਤੁਸੀਂ ਅਤੇ ਤੁਹਾਡਾ ਕੇਸ ਮੈਨੇਜਰ ਸਿਰਫ ਤੁਹਾਡੇ ਲਈ ਦੇਖਭਾਲ ਯੋਜਨਾ ਬਣਾਉਣਗੇ।

## ਮੇਰੀ ਦੇਖਭਾਲ ਕੌਣ ਮੁਹੱਈਆ ਕਰਦਾ ਹੈ?
Who provides my care?

ਤੁਹਾਡੇ ਕੇਸ ਮੈਨੇਜਰ ਨੂੰ ਤੁਹਾਡੀ ਦੇਖਭਾਲ ਵਿੱਚ ਸਹਾਇਤਾ ਕਰਨ ਲਈ ਸਥਾਨਕ ਸਿਹਤ-ਸੰਭਾਲ ਪੇਸ਼ੇਵਰਾਂ ਦੀ ਟੀਮ ਦਾ ਸਮਰਥਨ ਮਿਲਦਾ ਹੈ। ਤੁਹਾਡੀਆਂ ਲੋੜਾਂ 'ਤੇ ਨਿਰਭਰ ਕਰਦੇ ਹੋਏ, ਸਿਹਤ ਸੰਭਾਲ ਟੀਮ ਵਿੱਚ ਤੁਹਾਡਾ ਪਰਿਵਾਰਕ ਡਾਕਟਰ, ਨਰਸਾਂ, ਫਿਜ਼ਿਓਥੇਰੇਪਿਸਟ, ਫਾਰਮਾਸਿਸਟ, ਸਿਹਤ ਸੰਭਾਲ ਸਹਾਇਕ, ਅਤੇ ਹੋਰ ਵਿਅਕਤੀ ਸ਼ਾਮਲ ਹੁੰਦੇ ਹਨ।

## ਹੋਮ ਕੇਅਰ ਸੇਵਾਵਾਂ ਕਿੱਥੇ ਮੁਹੱਈਆ ਕੀਤੀਆਂ ਜਾਂਦੀਆਂ ਹਨ?
Where are home care services delivered?

ਸੇਵਾਵਾਂ ਤੁਹਾਡੇ ਘਰ ਵਿੱਚ ਜਾਂ ਕਿਸੇ ਕਲੀਨਿਕ ਵਿੱਚ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ। ਕਈ ਤਰ੍ਹਾਂ ਦੀਆਂ ਹੋਰ ਥਾਂਵਾਂ 'ਤੇ ਸੇਵਾਵਾਂ ਦਿੱਤੇ ਜਾਣ ਦੀ ਲਚਕਤਾ ਮੌਜੂਦ ਹੈ।

## ਮੈਨੂੰ ਹੋਮ ਕੇਅਰ ਕਿਵੇਂ ਮਿਲ ਸਕਦੀ ਹੈ?
How can I get home care?

ਤੁਸੀਂ 811 'ਤੇ ਕਾਲ ਕਰਕੇ ਹੋਮ ਕੇਅਰ ਸੇਵਾਵਾਂ ਲਈ ਬੇਨਤੀ ਕਰ ਸਕਦੇ ਹੋ। ਪਰਿਵਾਰ, ਦੋਸਤ, ਗੁਆਂਢੀ ਜਾਂ ਸਿਹਤ ਪੇਸ਼ੇਵਰ ਵੀ ਤੁਹਾਡੇ ਵੱਲੋਂ ਕਾਲ ਕਰ ਸਕਦੇ ਹਨ।

**ਵਧੇਰੇ ਜਾਣਕਾਰੀ ਲਈ:**

811 Health Link
Health Advice 24/7

ahs.ca/homecare



233C2 (2017 10)